# ਕਨੇਡਾ ਵਿਚ ਨਵੇਂ ਆਏ ਹੋ?

## ਲਾਇਬ੍ਰੇਰੀ ਦੇ ਮੈਂਬਰ ਬਣੋ. ਇਹ ਬਿਲਕੁਲ ਮੁਫਤ ਹੈ!

### ਸਕੂਲ ਵਿਚ ਸਫਲ ਹੋਣ ਲਈ ਆਪਣੇ ਬੱਚੇ ਦੀ ਸਹਾਇਤਾ ਕਰੋ

- ਘਰ ਵਿਚ ਪੜ੍ਹਨ ਲਈ ਪੁਸਤਕਾਂ ਉਧਾਰ ਲਵੋ, ਲਾਇਬ੍ਰੇਰੀ ਵਿਚ ਅੰਗਰੇਜ਼ੀ ਅਤੇ ਦੂਸਰੀਆਂ ਬਹੁਤ ਸਾਰੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਹੁੰਦੀਆਂ ਹਨ. ਕਿਸੇ ਭੀ ਭਾਸ਼ਾ ਵਿਚ ਆਪਣੇ ਬੱਚੇ ਨਾਲ ਮਿਲਕੇ ਪੁਸਤਕ ਪੜ੍ਹਣ ਨਾਲ ਬੱਚੇ ਦੀ ਸਹਾਇਤਾ ਹੁੰਦੀ ਹੈ ।
- ਗਰਮੀਆਂ ਵਿਚ ਆਪਣੇ ਬੱਚੇ ਨੂੰ ਸੱਮਰ ਰੀਡਿੰਗ ਕਲੱਬ (ਗਰਮੀਆਂ ਵਿਚ ਪੜ੍ਹਨ ਦੀ ਸੰਸਥਾ) ਜਾਂ ਕਿਸੇ ਹੋਰ ਪਰੋਗਰਾਮਾਂ ਵਿਚ ਭਾਗ ਲੈਣ ਲਈ ਉਤਸ਼ਾਹ ਦਿਉ ।
- ਲਾਇਬ੍ਰੇਰੀ ਦਾ ਸਟਾਫ ਸਕੂਲ ਪ੍ਰੋਜੈਕਟਜ਼ (ਯੋਜਣਾਵਾਂ) ਰਾਹੀਂ ਤੁਹਾਡੇ ਬੱਚੇ ਦੀ ਸਹਾਇਤਾ ਕਰ ਸਕਦਾ ਹੈ ।

### ਨਵੇਂ ਆਏ ਵਿਅਕਤੀਆਂ ਲਈ ਸੇਵਾਵਾਂ ਬਾਬਤ ਜਾਣਕਾਰੀ ਪਰਾਪਤ ਕਰੋ

- ਨਵੇਂ ਆਏ ਵਿਅਕਤੀਆਂ ਲਈ ਮੁਫਤ ਪਰਦਾਨ ਕੀਤੇ ਜਾ ਰਹੇ ਸਰਕਾਰੀ ਅਤੇ ਸਮਾਜਿਕ ਪਰੋਗਰਾਮਾਂ ਬਾਬਤ ਜਾਣਕਾਰੀ ਪਰਾਪਤ ਕਰੋ ।
- ਪੁਸਤਕਾਂ ਅਤੇ ਵਿਡੀਉ ਟੇਪ ਉਧਾਰ ਲਵੋ ਜਿਹੜੇ ਅੰਗਰੇਜ਼ੀ ਸਿਖਣ ਵਿਚ ਤੁਹਾਡੀ ਸਹਾਇਤਾ ਕਰਨਗੇ ।

### ਨੌਕਰੀ ਲੱਭਣ ਲਈ ਜਾਣਕਾਰੀ ਪਰਾਪਤ ਕਰੋ

- ਨੌਕਰੀ ਲੱਭਣਾ ਸਿਖੋ, ਲਾਇਬ੍ਰੇਰੀ ਵਿਚ ਕਈ ਕਿਤਿਆਂ ਬਾਬਤ ਜਾਣਕਾਰੀ ਹੁੰਦੀ ਹੈ ।
- ਆਪਣੀ ਵਿਦਿਆ ਜਾਂ ਕਿਤੇ ਦੇ ਪ੍ਰਮਾਣ-ਪੱਤਰ (ਡਿਗਰੀਆਂ) ਬਾਬਤ ਜਾਣਕਾਰੀ ਪਰਾਪਤ ਕਰੋ ।
- ਕਿਤੇ ਜਾਂ ਕੰਮ ਕਾਰ ਲਈ ਆਪਣੀ ਯੋਗਤਾ ਦੇ ਮਿਆਰ ਬਾਬਤ ਜਾਣਕਾਰੀ ਪਰਾਪਤ ਕਰੋ, ਅਤੇ ਆਪਣੇ ਟਰੇਡਜ਼ ਜਾਂ ਕਿਤਿਆਂ ਦੀ ਨਿਰਧਾਰਿਤਾ ਕਿਵੇਂ ਕਰਵਾਉਣੀ ਹੈ, ਇਸ ਬਾਬਤ ਜਾਣਕਾਰੀ ਲਵੋ ।

### ਕਈ ਭਾਸ਼ਾਵਾਂ ਵਿਚ ਪੁਸਤਕਾਂ, ਡੀ-ਵੀ-ਡੀਜ਼ ਅਤੇ ਵਿਡੀਉ ਟੇਪ ਉਧਾਰ ਲਵੋ

- ਲਾਇਬ੍ਰੇਰੀ ਵਿਚ ਕਈ ਭਾਸ਼ਾਵਾਂ ਵਿਚ ਪੁਸਤਕਾਂ, ਟੇਪ, ਸੀ-ਡੀਜ਼, ਰਸਾਲੇ ਅਤੇ ਅਖਬਾਰ ਹੁੰਦੇ ਹਨ ।

### ਕੰਮਪਿਉਟਰ ਦੇ ਪ੍ਰਯੋਗ ਦੁਆਰਾ ਇੰਟਰਨੈਟ ਦੀ ਸਹਾਇਤਾ ਲਵੋ

- ਇੰਟਰਨੈਟ ਦਾ ਪ੍ਰਯੋਗ ਬਿਲਕੁਲ ਮੁਫਤ ਹੈ ।
- ਕਈ ਭਾਸ਼ਾਵਾਂ ਵਿਚ ਦੁਨੀਆ ਦੇ ਅਖਬਾਰਾਂ ਦੁਆਰਾ ਖਬਰਾਂ ਪੜ੍ਹੋ ।
- ਲਾਇਬ੍ਰੇਰੀ, ਇੰਟਰਨੈਟ ਅਤੇ ਈ-ਮੇਲ ਦਾ ਪ੍ਰਯੋਗ ਕਰਨਾ ਸਿਖੋ ।

### ਆਪਣੇ ਪਰਿਵਾਰ ਸਮੇਤ ਮੌਜਾਂ ਮਾਣੋ

- ਕਈ ਪਰਕਾਰ ਦੇ ਵਿਸ਼ੇਸ਼ ਸਮਾਗਮਾਂ ਵਿਚ ਜਾਉ ਜਿਵੇਂ ਕਹਾਣੀਆ ਸੁਣਾਨਾ ।
- ਆਪਣੀ ਅੰਗਰੇਜ਼ੀ ਦੇ ਸੁਧਾਰ ਲਈ ਕਈ ਪਰੋਗਰਾਮਾਂ ਵਿਚ ਦਾਖਲਾ ਲਵੋ ਅਤੇ ਕਨੇਡਾ ਵਿਚ ਜੀਵਨ ਦਾ ਆਨੰਦ ਮਾਣੋ ।
- ਸਾਡੀਆਂ ਠੰਡੀ ਹਵਾ ਵਾਲ਼ੀਆਂ (ਏਅਰ-ਕੰਡੀਸ਼ੰਨਡ) ਲਾਇਬ੍ਰੇਰੀਆਂ ਦਾ ਆਨੰਦ ਮਾਣੋ ।

## ਲਾਇਬ੍ਰੇਰੀ ਦੇ ਮੈਂਬਰ ਬਣੋ

- ਲਾਇਬ੍ਰੇਰੀ ਵਿਚ ਦਾਖਲਾ ਲੈਣ ਲਈ ਤੁਹਾਨੂੰ ਲੋੜ ਲੋੜ
  - ਇਕ ਸਰਕਾਰੀ ਸ਼ਨਾਖਤੀ ਪਤਰ ।
  - ਤੁਹਾਡੇ ਘਰ ਦੇ ਪਤੇ ਦਾ ਸਬੂਤ. ਟੈਲੀਫੋਨ, ਬਿਜਲੀ ਜਾਂ ਟੀ.ਵੀ ਦੀ ਕੇਬਲ ਦਾ ਬਿਲ ।
- ਬੱਚੇ ਆਪਣਾ ਲਾਇਬ੍ਰੇਰੀ ਕਾਰਡ ਮੁਫਤ ਲੈ ਸਕਦੇ ਹਨ ।